# ਪੰਜਾਬੀ ਸਕੂਲ ਨਾਰਵੇ

**Panjabi Skole Norge**
**www.panjabiskolenorge.no**

ਤਰੀਕ 25- 06- 2024

# ਨਾਰਵੇ ਵਿੱਚ ਪੰਜਾਬੀ ਦੀ ਪੜ੍ਹਾਈ: ਚੁਣੌਤੀਆਂ ਅਤੇ ਉਮੀਦਾਂ

### ਪੰਜਾਬੀ ਸਕੂਲ ਨਾਰਵੇ ਹੋਂਦ ਵਿੱਚ ਕਿਵੇਂ ਆਇਆ

ਅਸੀਂ ਪਹਿਲੀ ਵਾਰ ਅਪਰੈਲ 1980 ਵਿੱਚ ਨਾਰਵੇ ਵਿੱਚ ਆਏ ਸੀ। ਅਸੀਂ ਕਿਸੇ ਇੱਕ ਵੀ ਬੰਦੇ ਨੂੰ ਨਹੀਂ ਸੀ ਜਾਣਦੇ। ਇੱਕ ਭਾਈ ਸਾਹਿਬ ਨੇ ਸਾਨੂੰ ਮਿਲਣ ਦੀ ਇੱਛਾ ਜਾਹਰ ਕੀਤੀ। ਉਹ ਸਮੇਤ ਪਰਿਵਾਰ ਸਾਡੇ ਗ੍ਰਹਿ ਵਿਖੇ ਆਏ। ਉਹ ਇੱਕ ਰਸਾਲਾ 'ਪਹਿਚਾਣ' ਹਿੰਦੀ, ਅੰਗਰੇਜ਼ੀ ਤੇ ਨਾਰਵੀਯਨ ਵਿੱਚ ਕੱਢਦੇ ਸਨ। ਉਨ੍ਹਾਂ ਕਿਹਾ ਕਿ 'ਮੈਨੂੰ ਬਹੁਤ ਖੁਸ਼ੀ ਹੋਵੇਗੀ ਜੇ ਤੁਸੀਂ *ਪਹਿਚਾਣ* ਦੇ ਪੰਜਾਬੀ ਰੂਪ ਲਈ ਸੰਪਾਦਕ ਦੇ ਤੌਰ ਤੇ ਕੰਮ ਕਰੋ। ਅੰਨ੍ਹਾਂ ਕੀ ਭਾਲੇ ਦੋ ਅੱਖਾਂ। ਮੇਰੇ ਲਈ ਇਹ ਸੁਨਹਿਰੀ ਮੌਕਾ ਸੀ ਅਤੇ ਇੱਕ ਚੁਣੌਤੀ ਵੀ। ਮੈਨੂੰ ਤਾਂ ਰੂਹ ਦੀ ਖੁਰਾਕ ਮਿਲ ਗਈ ਸੀ। ਇਹ ਵੀ ਪਤਾ ਸੀ ਕਿ ਇਸ ਕੰਮ ਦੇ ਕੋਈ ਪੈਸੇ ਵੀ ਨਹੀਂ ਮਿਲਨੇ। ਹੋ ਸਕਦਾ ਸੀ ਕਿ ਕੋਲੋਂ ਲਾਉਣੇ ਪੈ ਜਾਣ। ਉਦੋਂ ਸਭ ਕੁੱਝ ਹੱਥ ਨਾਲ ਲਿਖ ਕੇ ਹੀ ਛਪਾਈ ਲਈ ਭੇਜਿਆ ਜਾਂਦਾ ਸੀ। ਪੇਪਰ ਤੇ ਤਿੰਨ ਕਾਲਮ ਬਣਾ ਲੈਣੇ ਤੇ ਲਿਖਣਾ। ਫਿਰ ਮੈਂ 1982 ਵਿੱਚ ਇੰਡੀਆ ਤੋਂ ਪੰਜਾਬੀ ਦਾ ਟਾਈਪ ਰਾਈਟਰ (20 ਕਿਲੋ ) ਲੈ ਕੇ ਆਈ ਜਿਸ ਨਾਲ ਇਹ ਕੰਮ ਥੋੜ੍ਹਾ ਸੌਖਾ ਹੋ ਗਿਆ। ਮਹੀਨਾਵਾਰ ਰਸਾਲੇ /ਮਾਸਕ ਪੱਤਰ ਦਾ ਇਹ ਕੰਮ ਕਈ ਸਾਲ ਚਲਦਾ ਰਿਹਾ। ਇਸ ਦੇ ਨਾਲ ਹੀ 1982 ਤੋਂ ਰੇਡੀਓ ਤੇ ਦੋ ਵਾਰ ਹਫ਼ਤੇ ਵਿੱਚ ਪੰਜਾਬੀ ਵਿੱਚ ਪ੍ਰੋਗਰਾਮ ਪ੍ਰਸਾਰਣ ਦਾ ਕੰਮ ਕਰਨ ਦਾ ਮੌਕਾ ਮਿਲ ਗਿਆ ਜੋ 1992 ਤੱਕ ਲਗਾਤਾਰ ਚਲਦਾ ਰਿਹਾ। ਪਰ ਇਸ ਸਭ ਨਾਲ ਮੇਰੀ ਮਾਂ-ਬੋਲੀ ਪ੍ਰਤੀ ਸੇਵਾ ਨਾਲ ਮਨ ਨੂੰ ਸੰਤੁਸ਼ਟੀ ਨਹੀਂ ਮਿਲੀ। ਉਹ ਸਾਂਝ ਜੋ ਪੰਜਾਬੀ ਭਾਈਚਾਰੇ ਨਾਲ ਪਾਉਣੀ ਚਾਹੁੰਦੀ ਸੀ ਉਹ ਪੈ ਨਹੀਂ ਸੀ ਰਹੀ।

ਇੱਕ ਦਿਨ ਇੱਕ ਬਜ਼ੁਰਗ ਆਪਣੇ ਪੋਤਿਆਂ ਨੂੰ ਨਰਸਰੀ ਤੋਂ ਲੈਣ ਆਏ, ਮੈਨੂੰ ਮਿਲੇ ਤੇ ਕਹਿੰਦੇ ਕਿ ਤੁਸੀਂ ਗੁਰਦੁਆਰਾ ਸਾਹਿਬ ਦੇ ਮੈਂਬਰ ਬਣੋ। ਮੈਂ ਮੈਂਬਰ ਬਣਨ ਲਈ ਹਾਂ ਇੱਕ ਸ਼ਰਤ ਤੇ ਕੀਤੀ ਕਿ ਮੈਨੂੰ ਗੁਰਦੁਆਰਾ ਸਾਹਿਬ ਵਿੱਚ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਸਹੂਲਤ ਦਿੱਤੀ ਜਾਵੇ। ਉਹ ਬਹੁਤ ਖੁਸ਼ ਹੋਏ ਕਿਉਂਕਿ ਇਸ ਤਰ੍ਹਾਂ ਹੋਰ ਬਹੁਤ ਸਾਰੇ ਲੋਕਾਂ ਨੇ ਗੁਰਦੁਆਰਾ ਸਾਹਿਬ ਨਾਲ ਜੁੜ ਜਾਣਾ ਸੀ। ਇਸ ਤਰ੍ਹਾਂ ਫਿਰ 1986 ਵਿੱਚ ਪੰਜਾਬੀ ਪੜ੍ਹਾਉਣ ਦਾ ਇਹ ਕੰਮ ਓਸਲੋ ਦੇ ਗੁਰਦੁਆਰਾ ਸਾਹਿਬ ਵਿੱਚ ਸ਼ੁਰੂ ਹੋਇਆ। ਕੁੱਝ ਸਾਲ ਇਹ ਕੰਮ ਵਧੀਆ ਚੱਲਿਆ ਪਰ ਫਿਰ ਆਮ ਦੀ ਤਰ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਸੰਗਤ ਦੇ ਕੁੱਝ ਆਪਸੀ ਮੱਤ-ਭੇਦਾਂ ਕਾਰਨ ਗੁਰਦੁਆਰਾ ਸਾਹਿਬ ਵਿੱਚ ਇਹ ਕੰਮ ਬੰਦ ਕਰਨਾ ਪਿਆ।

ਉਂਝ ਨਾਰਵੀਯਨ ਸਕੂਲਾਂ ਵਿੱਚ ਬੱਚਿਆਂ ਦੀ ਆਪਣੀ ਆਪਣੀ ਮਾਂ-ਬੋਲੀ ਸਿੱਖਣ ਲਈ ਸਹੂਲਤ ਸੀ। ਕਿਸੇ ਸਕੂਲ ਵਿੱਚ ਚਾਰ ਬੱਚੇ ਇੱਕ ਜ਼ੁਬਾਨ ਬੋਲਣ ਵਾਲੇ ਹੋ ਜਾਣੇ ਤਾਂ ਉਹਨਾਂ ਲਈ ਇੱਕ ਅਧਿਆਪਕ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਸੀ ਜਿਸ ਨੂੰ ਸਰਕਾਰੀ ਨੌਕਰੀ ਦੀ ਤਰ੍ਹਾਂ ਪੂਰੀ ਤਨਖਾਹ ਦਿੱਤੀ ਜਾਂਦੀ ਸੀ। ਉਸ ਅਧਿਆਪਕ ਨੂੰ ਹਰ ਹਫ਼ਤੇ ਦੋ ਜਾਂ ਤਿੰਨ ਸਕੂਲਾਂ ਵਿੱਚ ਇਹ ਕੰਮ ਕਰਨ ਲਈ ਜਾਣਾ ਪੈਂਦਾ ਸੀ। ਬੱਚਿਆਂ ਨੂੰ ਜਮਾਤ ਵਿੱਚੋਂ ਬਾਹਰ ਲਿਜਾ ਕੇ ਪੰਜਾਬੀ ਪੜ੍ਹਾਈ ਜਾਂਦੀ ਸੀ ਜੋ ਬੱਚਿਆਂ ਨੂੰ ਬਿਲਕੁਲ ਪਸੰਦ ਨਹੀਂ ਸੀ।

### ਪੰਜਾਬੀ ਮਾਪਿਆਂ ਦੀ ਅਦੂਰਦਰਸ਼ੀ

ਨਾਰਵੇ ਵਿੱਚ ਨਾਰਵੀਯਨ ਦੀਆਂ ਦੋ ਬੋਲੀਆਂ ਪੜ੍ਹਾਈਆਂ ਜਾਂਦੀਆਂ ਹਨ; ਕਿਤਾਬੀ ਨਾਰਵੀਯਨ ਤੇ ਨਵੀਂ ਨਾਰਵੀਯਨ। ਪਰਦੇਸੀ ਬੱਚਿਆਂ ਨੂੰ ਮਾਂ-ਬੋਲੀ ਸਿੱਖਣ ਲਈ ਨਵੀਂ ਨਾਰਵੀਯਨ ਤੋਂ ਛੋਟ ਮਿਲ ਜਾਂਦੀ ਸੀ ਪਰ ਬੱਚਿਆਂ ਨੂੰ ਇਹ ਮਹਿਸੂਸ ਹੁੰਦਾ ਸੀ ਕਿ ਉਹ ਕਮਜ਼ੋਰ ਹਨ ਇਸ ਕਰਕੇ ਉਹਨਾਂ ਨੂੰ ਜਮਾਤ ਤੋਂ ਬਾਹਰ ਕੱਢ ਕੇ ਪੜ੍ਹਾਇਆ ਜਾਂਦਾ ਹੈ। ਇਸ ਤਰ੍ਹਾਂ ਮਾਂ-ਬੋਲੀ ਦੀ ਚੱਲ ਰਹੀ ਇਹ ਸਿਖਲਾਈ 1992 ਵਿੱਚ ਪਹਿਲਾਂ ਓਸਲੋ ਦੇ ਸਕੂਲਾਂ ਵਿੱਚ ਤੇ ਫਿਰ ਹੌਲੀ ਹੌਲੀ ਸਾਰੇ ਮੁਲਕ ਵਿੱਚ ਬੰਦ ਹੋ ਗਈ। ਇਸ ਦੇ ਕਈ ਕਾਰਨ ਸਨ। ਬੱਚਿਆਂ ਦੀ ਮਾਂ-ਬੋਲੀ ਵਿੱਚ ਕੋਈ ਖਾਸ ਦਿਲਚਸਪੀ ਨਾ ਹੋਣੀ ਤੇ ਅਧਿਆਪਕ ਦੀ ਕੋਈ ਗੱਲ/ਤਰਕ ਸੁਣਨ ਲਈ ਤਿਆਰ ਨਾ ਹੋਣਾ। ਅਧਿਆਪਕਾਂ ਦਾ ਮਾਪਿਆਂ ਨਾਲ ਕੋਈ ਖਾਸ ਤਾਲ-ਮੇਲ ਨਾ ਹੋਣਾ। ਜੇ ਕਿੱਧਰੇ ਮਾਪਿਆਂ ਨਾਲ ਇਸ ਦੇ ਬਾਰੇ ਗੱਲ-ਬਾਤ ਕਰਨੀ ਤਾਂ ਉਹਨਾਂ ਅੱਗੋਂ ਇਹ ਆਖ ਦੇਣਾ, ਛੱਡੋ ਜੀ, ਅਸੀਂ ਹੁਣ ਨਾਰਵੇ ਵਿੱਚ ਰਹਿੰਦੇ ਹਾਂ। ਬੱਚਿਆਂ ਨੂੰ ਨਾਰਵੀਯਨ ਆਉਣੀ ਚਾਹੀਦੀ ਹੈ, ਇਹਨਾਂ ਨੇ ਪੰਜਾਬੀ ਸਿੱਖ ਕੇ ਕੀ ਕਰਨਾ, ਤੁਸੀਂ ਉਸ ਸਮੇਂ ਵਿੱਚ ਇਹਨਾਂ ਨੂੰ ਦੋ ਅੱਖਰ ਨਾਰਵੀਯਨ ਦੇ ਹੀ ਸਿਖਾ ਦਿਆ ਕਰੋ। ਅਸੀਂ ਉਂਞ ਸਕੂਲ ਵਾਲਿਆਂ ਨੂੰ ਤੁਹਾਡੀ ਨੌਕਰੀ ਜਾਣ ਦੇ ਡਰੋਂ ਇਹ ਨਹੀਂ ਕਹਿੰਦੇ ਕਿ ਸਾਡੇ ਬੱਚੇ ਨੇ ਪੰਜਾਬੀ ਨਹੀਂ ਪੜ੍ਹਨੀ। ਬੱਚਿਆਂ ਤੇ ਮਾਪਿਆਂ ਵਲੋਂ ਕੋਈ ਸਹਿਯੋਗ ਨਾ ਹੋਣਾ ਤੇ ਸਕੂਲ ਦੇ ਬਾਕੀ ਅਮਲੇ ਵਲੋਂ ਵੀ ਇਹਨਾਂ ਨੂੰ ਵਾਧੂ ਜਿਹੇ ਸਮਝਣ ਕਰਕੇ ਇਹਨਾਂ ਅਧਿਆਪਕਾਂ ਕੋਲ ਆਪਣੀਆਂ ਇਹਨਾਂ ਸਮੱਸਿਆਵਾਂ /ਚੁਣੌਤੀਆਂ ਦਾ ਹੱਲ ਲੱਭਣ ਦਾ ਰਾਹ ਨਾ ਮਿਲਿਆ। ਸਕੂਲਾਂ ਵਿੱਚ ਮਾਂ-ਬੋਲੀ ਦੀ ਪੜ੍ਹਾਈ ਬੰਦ ਹੋ ਗਈ। ਮਾਪੇ ਤੇ ਬੱਚੇ ਖੁਸ਼ ਹੋ ਗਏ। ਸਰਕਾਰ ਨੇ ਇਹਨਾਂ

ਅਧਿਆਪਕਾਂ ਨੂੰ ਥੋੜ੍ਹੇ ਬਹੁਤ ਕੋਰਸ ਦੇ ਕੇ ਨੌਕਰੀਆਂ ਤੇ ਪੱਕੇ ਕਰ ਦਿੱਤਾ। ਅਧਿਆਪਕਾਂ ਲਈ ਕੁੱਬੇ ਦੇ ਮਾਰੀ ਲੱਤ ਰਾਸ ਆ ਗਈ। ਬਹੁਤੇ ਸਕੂਲਾਂ ਵਿੱਚ ਘੁੰਮਣ ਦੀ ਬਿਜਾਏ ਇੱਕ ਸਕੂਲ ਵਿੱਚ ਪੱਕੇ ਹੋ ਗਏ। ਬਾਕੀ ਸਕੂਲ ਦੇ ਅਮਲੇ ਦੇ ਮੈਂਬਰਾਂ ਦੀ ਤਰ੍ਹਾਂ ਪੂਰੀ ਪੁੱਛ-ਗਿੱਛ ਤੇ ਮਾਣ-ਸਤਿਕਾਰ ਮਿਲਣ ਲੱਗਾ। ਪਰ ਦੂਜੇ ਪਾਸੇ ਮਾਂ-ਬੋਲੀ ਦਾ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਇਆ।

ਮਾਪਿਆਂ ਦੀ ਇਹ ਖੁਸ਼ੀ ਥੋੜ੍ਹ-ਚਿਰੀ ਸੀ। ਹੌਲੀ ਹੌਲੀ ਸਮਝ ਲੱਗਣ ਲੱਗੀ ਕਿ ਇਹ ਤਾਂ ਆਪਣੇ ਪੈਰੀਂ ਆਪ ਕੁਹਾੜਾ ਮਾਰ ਲਿਆ ਹੈ। ਜਿੱਥੇ ਕੋਈ ਇਕੱਠ ਹੋਣਾ ਉੱਥੇ ਇਸ ਵਿਸ਼ੇ ਤੇ ਗੱਲ-ਬਾਤ ਹੋਣੀ। ਬੱਚੇ ਹੱਥਾਂ ਵਿੱਚੋਂ ਨਿਕਲ ਰਹੇ ਹਨ। ਉਹ ਤਾਂ ਨਾ ਸਾਡੀ ਜ਼ਬਾਨ ਬੋਲਦੇ ਹਨ ਤੇ ਨਾ ਹੀ ਸਾਡੀ ਕੋਈ ਗੱਲ ਮੰਨਦੇ ਹਨ। ਇੱਥੇ ਆ ਕੇ ਮਾਇਆ ਤਾਂ ਬਥੇਰੀ ਕਮਾ ਲਈ ਹੈ ਪਰ ਅਸਲ ਸਰਮਾਇਆ, ਆਪਣੇ ਬੱਚੇ, ਗੁਆ ਲਏ ਹਨ ।

### ਦੁਬਾਰਾ ਪੰਜਾਬੀ ਸਕੂਲ ਦੀ ਸ਼ੁਰੂਆਤ

ਫਿਰ ਜਿੱਥੇ ਵੀ ਬੈਠਣਾ ਉੱਥੇ ਹੀ ਬੱਸ ਇਹੀ ਵਿਸ਼ਾ ਛੋਹ ਕੇ ਬੈਠ ਜਾਣਾ ਕਿ ਸਾਡੇ ਲੀਡਰ ਹੀ ਨਿਕੰਮੇਂ ਹਨ। ਕੋਈ ਕੌਮ ਨੂੰ ਸੇਧ ਦੇਣ ਵਾਲਾ ਹੈ ਹੀ ਨਹੀਂ। ਇਵੇਂ ਹੀ ਅਸੀਂ ਇੱਕ ਜਗ੍ਹਾ ਕਿਸੇ ਦੇ ਘਰ ਬੈਠੇ ਸੀ ਤਾਂ ਗੱਲਾਂ ਦਾ ਰੁਖ ਫਿਰ ਇੱਧਰ ਨੂੰ ਹੋ ਗਿਆ। ਸਰਦਾਰ ਅਵਤਾਰ ਸਿੰਘ ਪਰਾਗਪੁਰੀ ਬੋਲੇ, "ਮੈਂ ਬਹੁਤ ਹੈਰਾਨ ਹਾਂ ਕਿ ਆਪਾਂ ਜਿੱਥੇ ਬੈਠਦੇ ਹਾਂ ਉੱਥੇ ਇਸ ਮਸਲੇ ਤੇ ਗੱਲ ਛੇੜ ਕੇ ਅਖੀਰ ਨਿਕੰਮੇਂ ਲੀਡਰਾਂ ਦੇ ਸਿਰ ਭਾਂਡਾ ਭੰਨ ਕੇ ਆਪਣੇ ਆਪ ਨੂੰ ਆਪਣੀ ਜਿਮੇਂਵਾਰੀ ਤੋਂ ਮੁਕਤ ਕਰ ਲੈਂਦੇ ਹਾਂ। ਕਦੇ ਸੋਚਿਆ ਕਿ ਅਸੀਂ ਕੀ ਕਰਦੇ ਹਾਂ। ਜੇ ਹੋਰ ਕੋਈ ਕੁੱਝ ਨਹੀਂ ਕਰਦਾ ਤਾਂ ਕਰਦੇ ਆਪਾਂ ਵੀ ਕੁੱਝ ਨਹੀਂ। ਜੇ ਸਾਨੂੰ ਪਤਾ ਕਿ ਇਸ ਮੁਸੀਬਤ ਦੀ ਤਲਵਾਰ ਸਾਡੇ ਸਿਰ ਤੇ ਲਟਕਦੀ ਹੈ ਤੇ ਇਹ ਕਬੂਤਰ ਵਾਂਡ ਅੱਖਾਂ ਮੀਟ ਕੇ ਕਿਤੇ ਨਹੀਂ ਜਾਣੀ ਤਾਂ ਇਸ ਦਾ ਹੱਲ ਵੀ ਸਾਨੂੰ ਆਪ ਹੀ ਲੱਭਣਾ ਪੈਣਾ ਹੈ।"

ਫਿਰ ਕੀ ਸੀ, ਸਭ ਨੇ ਸਹਿਮਤੀ ਪ੍ਰਗਟਾਈ ਕਿ ਜੀ ਬਿਲਕੁਲ, ਤੁਸੀਂ ਸਹੀ ਕਹਿ ਰਹੇ ਹੋ। ਪਰ ਤੁਸੀਂ ਦੱਸੋ ਆਪਾਂ ਇਸ ਦਾ ਹੱਲ ਕੀ ਲੱਭੀਏ। ਕੋਈ ਕਹੇ ਕਿ ਜਾ ਕੇ ਸਰਕਾਰੀ ਅਦਾਰੇ ਨਾਲ ਗੱਲ ਕਰੀਏ ਕਿ ਉਹ ਮਾਂ-ਬੋਲੀ ਦੀ ਪੜ੍ਹਾਈ ਦੁਬਾਰਾ ਸ਼ੁਰੂ ਕਰਨ। ਕੋਈ ਕੁੱਝ ਤੇ ਕੋਈ ਕੁੱਝ। ਨਹੀਂ ਭਾਜੀ, ਤੁਸੀਂ ਦੱਸੋ। ਸਰਦਾਰ ਜੀ ਕਹਿੰਦੇ ਕਿ ਤੁਸੀਂ ਇਹ ਭੁੱਲ ਜਾਓ ਕਿ ਸਰਕਾਰ ਹੁਣ ਸਾਡੇ ਕਹਿਣ ਤੇ ਦੁਬਾਰਾ ਮਾਂ-ਬੋਲੀ ਦੀ ਸਿਖਲਾਈ ਦਾ ਕੰਮ ਸਕੂਲਾਂ ਵਿੱਚ ਸ਼ੁਰੂ ਕਰੇਗੀ। ਉਹ ਗੱਡੀ ਕਦੋਂ ਦੀ ਸਟੇਸ਼ਨ ਛੱਡ ਚੁੱਕੀ ਹੈ। ਬੰਦ ਹੋਇਆ ਕੰਮ ਦੁਬਾਰਾ ਸ਼ੁਰੂ ਕਰਵਾਉਣ ਲਈ ਦੁੱਗਣੀ ਸ਼ਕਤੀ ਲਗਦੀ ਹੈ। ਹੁਣ ਜੋ ਕੁੱਝ ਵੀ ਕਰਨਾ ਜਾਂ ਹੋਣਾ ਹੈ ਉਹ ਆਪਣੀਆਂ ਲੱਤਾਂ ਦੇ ਭਾਰ ਖੜ੍ਹ ਕੇ ਹੀ ਹੋਣਾ ਹੈ। ਸਭ ਨੇ ਇਹ ਫੈਸਲਾ ਕਰ ਦਿੱਤਾ ਕਿ ਸਰਦਾਰ ਜੀ ਹੁਣੀਂ ਜੋ ਵੀ ਕਰਨਗੇ ਸਭ ਉਹਨਾਂ ਨੂੰ ਸਹਿਯੋਗ ਦੇਣਗੇ। ਉਸ ਰਾਤ ਅਸੀਂ ਉੱਥੋਂ ਇਹ ਫੈਸਲਾ ਕਰ ਕੇ ਤੁਰੇ ਕਿ ਅਸੀਂ ਪੰਜਾਬੀ ਸਕੂਲ ਖੋਲ੍ਹੀਏ ਤੇ ਉਹ ਸਾਰੇ ਵੱਧ ਤੋਂ ਵੱਧ ਬੱਚੇ ਲੈ ਕੇ ਆਉਣਗੇ।

ਘਰ ਆ ਕੇ ਅਸੀਂ ਕੰਪਿਊਟਰ ਖੋਲ੍ਹ ਕੇ ਪਹਿਲਾਂ ਹੀ ਦੋ ਜ਼ਬਾਨਾਂ, ਪੰਜਾਬੀ ਤੇ ਨਾਰਵੀਯਨ, ਵਿੱਚ ਬਣੀ ਹੋਈ ਮੇਰੀ ਪਹਿਲੀ ਪੁਸਤਕ ਖੋਲ੍ਹ ਕੇ ਛਪਵਾਉਣ ਲਈ ਤਿਆਰੀ ਅਰੰਭ ਦਿੱਤੀ। ਸਰਕਾਰੀ ਅਦਾਰੇ ਵਲੋਂ ਪ੍ਰਵਾਨਗੀ ਮਿਲ ਗਈ ਤੇ ਕਿਤਾਬ ਛਪਵਾਉਣ ਲਈ ਬਹੁਤ ਘੁੰਮੇਂ ਫਿਰੇ ਪਰ ਆਪਣੇ ਪਰਿਵਾਰਕ ਬੱਜਟ ਦੇ ਹਿਸਾਬ ਨਾਲ ਖਰਚਾ ਬਹੁਤ ਜ਼ਿਆਦਾ ਸੀ। ਅਚਾਨਕ ਹੀ ਇੰਡੀਆ ਤੋਂ ਫੋਨ ਆ ਗਿਆ ਕਿ ਜਲਦੀ ਪਹੁੰਚੋ, ਭਾਪਾ ਜੀ ਨੂੰ ਬਿਜਲੀ ਲੱਗ ਗਈ। ਅਸੀਂ ਫਟਾਫਟ ਤਿਆਰ ਹੋ ਕੇ ਕਿਤਾਬ ਦਾ ਖਰੜਾ ਵੀ ਨਾਲ ਲੈ ਗਏ। ਫਿਰ ਜਲੰਧਰ ਤੋਂ 2000 ਕਿਤਾਬ ਛਪਵਾਈ ਤੇ ਆਉਂਦੇ ਹੋਏ 200 ਕਿਤਾਬਾਂ - 25 ਕਿਲੋ - ਨਾਲ ਲੈ ਕੇ ਆਏ।

ਸਰਦਾਰ ਜੀ ਨੇ ਮੈਨੂੰ 10,000 ਕਰੋਨਰ ਦਿੱਤੇ ਤੇ ਕਿਹਾ ਕਿ ਜਗ੍ਹਾ ਦਾ ਪ੍ਰਬੰਧ ਕਰੋ। ਮੈਂ ਨਾਰਵੀਯਨ ਸਕੂਲ ਵਿੱਚ ਹੀ ਪੜ੍ਹਾਉਂਦੀ ਸੀ ਤੇ ਆਪਣੇ ਸਕੂਲ ਦੇ ਮੁੱਖ-ਅਧਿਆਪਕ ਨੂੰ ਕਿਤਾਬ ਵਿਖਾਈ ਤੇ ਕਿਹਾ ਕਿ ਮੈਂ ਪੰਜਾਬੀ ਬੱਚਿਆਂ ਨੂੰ ਸਕੂਲ ਸਮੇਂ ਤੋਂ ਬਾਅਦ ਉਹਨ੍ਹਾਂ ਦੀ ਮਾਂ-ਬੋਲੀ ਪੜ੍ਹਾਉਣੀ ਚਾਹੁੰਦੀ ਹਾਂ। ਕੀ ਮੈਨੂੰ ਸਕੂਲ ਦੇ ਦੋ ਤਿੰਨ ਕਮਰੇ ਇਸ ਮਕਸਦ ਲਈ ਵਰਤਣ ਲਈ ਇਜਾਜ਼ਤ ਮਿਲ ਸਕਦੀ ਹੈ? ਉਹ ਕਿਤਾਬ ਤੇ ਮੇਰਾ ਪਲੈਨ ਵੇਖ ਕੇ ਬਹੁਤ ਖੁਸ਼ ਹੋਇਆ। ਕਹਿੰਦਾ ਤੇਰੇ ਕੋਲ ਸਕੂਲ ਦੀਆਂ ਚਾਬੀਆਂ ਹਨ। ਅਲਾਰਮ ਦੀ ਚਾਬੀ ਦਫ਼ਤਰ ਵਿੱਚੋਂ ਲੈ ਲੈ।

ਅਖੀਰ 1996 ਦੀ ਵਿਸਾਖੀ 'ਤੇ ਤਿੰਨ ਆਪਣੇ ਬੱਚੇ ਤੇ ਇੱਕ ਗੁਆਂਢੀਆਂ ਦੇ ਬੱਚੇ ਨਾਲ ਸਕੂਲ ਸ਼ੁਰੂ ਕੀਤਾ ਗਿਆ। ਸਕੂਲ ਦਾ ਸੰਵਿਧਾਨ ਬਣਾਇਆ ਗਿਆ। ਹਰ ਇੱਕ ਪੰਜਾਬੀ ਪੜ੍ਹਨ ਦਾ ਚਾਹਵਾਨ ਪੰਜਾਬੀ ਪੜ੍ਹ ਸਕਦਾ ਹੈ। ਰੰਗ, ਨਸਲ, ਧਰਮ, ਲਿੰਗ, ਉਮਰ ਜਾਂ ਕਿਸੇ ਵੀ ਹੋਰ ਤਰੀਕੇ ਨਾਲ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਵੇਗਾ ।

ਸ਼ੁੱਕਰਵਾਰ 12 ਅਪਰੈਲ ਨੂੰ 4 ਬੱਚੇ ਸ਼ੁਰੂ ਹੋਏ ਸਨ ਤੇ 21 ਜੂਨ ਨੂੰ ਗਿਆਰ੍ਹਾਂ ਹਫ਼ਤਿਆਂ ਬਾਅਦ ਅਸੀਂ ਗਰਮੀਆਂ ਦੀਆਂ ਛੁੱਟੀਆਂ ਦੀ ਵਿਦਾਇਗੀ ਸਮੇਂ 16 ਬੱਚਿਆਂ ਨੂੰ ਸਰਟੀਫੀਕੇਟ/ਪ੍ਰਮਾਣ ਪੱਤਰ ਦੇ ਕੇ ਫ਼ਤਿਹ ਬੁਲਾਈ ਸੀ। ਜਿਵੇਂ ਜਿਵੇਂ ਸਕੂਲ ਬਾਰੇ ਲੋਕਾਂ ਨੂੰ ਜਾਣਕਾਰੀ ਮਿਲਣ ਲੱਗੀ, ਲੋਕ ਆਪਣੇ ਬੱਚੇ ਦਾਖ਼ਲ ਕਰਵਾਉਣ ਲੱਗੇ। ਆਪਣੀ ਕਿਸਮ ਦਾ ਇਹ ਪਹਿਲਾ ਤੇ ਇੱਕੋ ਇੱਕ ਸਕੂਲ ਸੀ ਜਿੱਥੇ ਮਾਂ-ਬੋਲੀ ਬਿਨ ਪੈਸੇ ਪੜ੍ਹਾਈ ਜਾਂਦੀ ਸੀ। ਇੱਕ ਸਾਲ

ਬਾਅਦ ਸਾਡੇ ਕੋਲ 297 ਬੱਚੇ ਪੜ੍ਹਦੇ ਸਨ। 1997 ਵਿੱਚ ਸਕੂਲ ਦੀ ਪ੍ਰਬੰਧਕ ਕਮੇਟੀ ਬਣਾਈ ਗਈ 'ਤੇ ਕਮੇਟੀ ਨੇ ਫੈਸਲਾ ਕੀਤਾ ਕਿ ਇੰਨੇ ਬੱਚਿਆਂ ਦਾ ਕਿਤਾਬਾਂ ਕਾਪੀਆਂ ਤੇ ਬਾਕੀ ਸਮੱਗਰੀ ਦਾ ਇੰਨਾਂ ਖਰਚਾ ਇੱਕ ਪਰਿਵਾਰ ਤੇ ਨਹੀਂ ਪਾਇਆ ਜਾ ਸਕਦਾ। ਫਿਰ 500 ਕਰੋਨਰ ਪ੍ਰਤੀ ਬੱਚਾ ਮਾਪਿਆਂ ਤੋਂ ਵਸੂਲਣ ਦਾ ਫੈਸਲਾ ਕੀਤਾ ਗਿਆ। ਪਹਿਲਾਂ ਅਸੀਂ ਸਕੂਲ ਦੀ ਇਮਾਰਤ ਮੁਫ਼ਤ ਵਰਤਦੇ ਸੀ ਤੇ ਦੋ ਸਾਲਾਂ ਬਾਅਦ ਕਿਰਾਇਆ ਭਰਨ ਦੀ ਨੌਬਤ ਵੀ ਆਈ ਕਿਉਂਕਿ ਸ਼ੁੱਕਰਵਾਰ ਨੂੰ ਦੋ ਕਮਰਿਆਂ ਦੀ ਬਿਜਾਏ ਹੁਣ ਅਸੀਂ 18 ਕਮਰੇ ਵਰਤਦੇ ਸੀ ਤੇ ਐਤਵਾਰ ਨੂੰ ਅਧਿਆਪਕਾਂ, ਕਮੇਟੀ ਤੇ ਮਾਪਿਆਂ ਦੀ ਮੀਟਿੰਗ ਲਈ ਲੋੜ ਅਨੁਸਾਰ ਹੋਰ ਕਮਰੇ ਤੇ ਹਾਲ ਵੀ ਵਰਤ ਲੈਂਦੇ ਸਾਂ। ਜਿਸ ਨੂੰ ਮੱਦੇ ਨਜ਼ਰ ਰੱਖਦੇ ਹੋਏ 1000 ਕਰੋਨਰ ਕੀਤੇ ਤੇ ਪਿਛਲੇ 10 ਕੁ ਸਾਲਾਂ ਤੋਂ 1500 ਕਰੋਨਰ ਵਸੂਲ ਕੀਤੇ ਜਾਂਦੇ ਹਨ। ਸਕੂਲ ਦੀ ਇਮਾਰਤ ਵਰਤਣ ਕਰਕੇ ਸਾਨੂੰ ਸਰਕਾਰੀ ਸਕੂਲਾਂ ਦੇ ਮੁਤਾਬਕ ਹੀ ਛੁੱਟੀਆਂ ਕਰਨੀਆਂ ਪੈਂਦੀਆਂ ਹਨ। 12 ਅਪਰੈਲ 1996 ਤੋਂ ਲੈ ਕੇ ਹੁਣ ਤੱਕ ਹਰ ਸ਼ੁੱਕਰਵਾਰ ਨੂੰ 18:00 -20:00 ਵਜੇ ਤੱਕ ਪੰਜਾਬੀ ਦੀ ਪੜ੍ਹਾਈ ਹੁੰਦੀ ਹੈ ਤੇ 20:00-21:00 ਵਜੇ ਤੱਕ ਭੰਗੜੇ ਗਿੱਧੇ ਦੀ ਸਿਖਲਾਈ ਦਾ ਕੰਮ ਚਲਦਾ ਹੈ । ਹਰ ਛਿਮਾਹੀ ਇਮਤਿਹਾਨ ਲਏ ਜਾਂਦੇ ਹਨ।

**ਸਕੂਲ ਦਾ ਮੁੱਖ-ਮੰਤਵ**

ਬੋਲੀ, ਪੰਜਾਬੀ ਸਭਿਆਚਾਰ, ਸਾਡੇ ਰੀਤੀ ਰਿਵਾਜ ਅਤੇ ਮੁੱਢਲੀ ਧਾਰਮਕ ਸਿੱਖਿਆ ਦੇਣੀ ( ਬੱਚਿਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨਾ ),

- **ਬੋਲੀ:** ਬੋਲਣਾ, ਪੜ੍ਹਨਾ, ਲਿਖਣਾ, ਸਮਝਣਾ, ਭਾਸ਼ਨ, ਬਹਿਸ ਤੇ ਸਵਾਲ-ਜੁਆਬ ਕਰਨੇ,
- **ਸਭਿਆਚਾਰ:** ਪੰਜਾਬੀ ਲੋਕ ਨਾਚ ਭੰਗੜਾ, ਗਿੱਧਾ, ਸਭਿਆਚਾਰਕ ਨਾਟਕ-ਡਰਾਮਾ,
- **ਧਾਰਮਕ:** ਮੁੱਢਲੀ ਧਾਰਮਕ ਸਿੱਖਿਆ, ਮੂਲ-ਮੰਤਰ, ਅਰਦਾਸ, ਗੁਰੂ ਸਾਹਿਬਾਨਾਂ ਦੇ ਨਾਂ, ਉਹਨਾਂ ਦੀ ਜੀਵਨੀ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਸਿੱਖ ਇਤਿਹਾਸ, ਮਹਾਰਾਜਾ ਰਣਜੀਤ ਸਿੰਘ, ਅਤੇ ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਜਿਊਣਾ ਭਾਵ ਨਾਮ ਜਪਣਾ, ਵੰਡ ਛਕਣਾ ਤੇ ਕਿਰਤ ਕਰਨੀ -ਵੱਡਿਆਂ ਤੇ ਬੱਚਿਆਂ ਦੀ ਕਿਹੜੀ ਕਿਹੜੀ ਕਿਰਤ ।

ਤੁਸੀਂ ਹੈਰਾਨ ਹੋਵੋਗੇ ਕਿ ਨਾਰਵੇ ਵਿੱਚ ਤੁਹਾਨੂੰ ਬਹੁਤ ਘੱਟ ਅਜਿਹੇ ਬੱਚੇ ਮਿਲ਼ਨਗੇ ਜਿਹਨਾਂ ਨੂੰ ਪੰਜਾਬੀ ਬੋਲਣੀ ਨਾ ਆਉਂਦੀ ਹੋਵੇ। ਨਾਰਵੇ ਦੇ ਸਿੱਖਿਆ ਵਿਭਾਗ ਵਲੋਂ 1997 ਵਿੱਚ ਪੰਜਾਬੀ ਨੂੰ ਪੰਜਾਬੀਆਂ ਦੀ ਮਾਂ-ਬੋਲੀ ਦੇ ਤੌਰ ਤੇ ਮਾਨਤਾ ਮਿਲ ਗਈ ਸੀ। ਸਾਡੇ ਸਾਰੇ ਵਿਦਿਆਰਥੀ 11ਵੀਂ, 12ਵੀਂ ਤੇ 13ਵੀਂ ਵਿੱਚ ਪੰਜਾਬੀ ਨੂੰ ਤੀਜੀ ਭਾਸ਼ਾ ਵਜੋਂ ਰੱਖ ਸਕਦੇ ਹਨ। ਸਾਡੇ ਬੱਚੇ ਨਾਰਵੀਯਨ ਸਿੱਖਿਆ ਵਿਭਾਗ ਵਲੋਂ ਬਣਾਏ ਗਏ, ਲਿਖਤੀ ਤੇ ਜ਼ੁਬਾਨੀ, ਇਮਤਿਹਾਨ ਦਿੰਦੇ ਹਨ। ਇਹ ਪੇਪਰ ਸਾਲ ਵਿੱਚ ਦੋ ਵਾਰ, ਨਵੰਬਰ ਤੇ ਮਈ /ਜੂਨ ਵਿੱਚ ਹੁੰਦੇ ਹਨ। ਸਰਕਾਰ ਨੇ ਬਕਾਇਦਾ ਪੇਪਰ ਬਣਾਉਣ, ਚੈੱਕ ਕਰਨ ਤੇ ਸ਼ਕਾਇਤਾਂ ਸੁਣਨ ਲਈ ਪੂਰੀ ਯੋਗਤਾ ਵਾਲੇ ਪੰਜਾਬੀ ਅਧਿਆਪਕ ਰੱਖੇ ਹੋਏ ਹਨ। ਇਸ ਸਭ ਲਈ ਸਰਕਾਰ ਨੂੰ ਕਾਫੀ ਖਰਚ ਕਰਨਾ ਪੈਂਦਾ ਹੈ। ਮਹਾਂਮਾਰੀ ਦੌਰਾਨ ਸਰਕਾਰ ਨੇ ਇਹ ਫੈਸਲਾ ਕਰ ਦਿੱਤਾ ਕਿ ਹੁਣ ਇਹ ਤੀਜੀ ਚੌਥੀ ਪੀੜ੍ਹੀ ਦੀ ਮਾਂ-ਬੋਲੀ ਨਹੀਂ ਰਹਿ ਗਈ। ਇਸ ਕਰਕੇ ਹੁਣ ਇਸ ਨੂੰ ਜਰਮਨ, ਫਰੈਂਚ, ਸਪੈਨਿਸ਼ ਤੇ ਇਟੈਲੀਅਨ ਦੇ ਬਰਾਬਰ ਤੀਜੀ ਭਾਸ਼ਾ ਵਜੋਂ ਮਾਨਤਾ ਮਿਲੀ ਹੋਈ ਹੈ।

**ਪੰਜਾਬੀ ਅਤੇ ਨਵੀਂ ਤਕਨੀਕ**

ਸਰਕਾਰ ਵਲੋਂ ਇਸ ਫੈਸਲੇ ਨਾਲ ਸਰਕਾਰ ਨੂੰ ਕਾਫੀ ਫਾਇਦਾ ਹੋਇਆ ਹੈ। ਹੁਣ ਕਿਸੇ ਇੱਕ ਭਾਸ਼ਾ ਵਿੱਚ ਪੇਪਰ ਬਣਾ ਕੇ ਉਸ ਦਾ ਉਲੱਥਾ ਸਾਰੀਆਂ ਤੀਜੀ ਭਾਸ਼ਾ ਦੀ ਮਾਨਤਾ ਵਾਲੀਆਂ ਬੋਲੀਆਂ ਵਿੱਚ ਕਰ ਦਿੱਤਾ ਜਾਂਦਾ ਹੈ। ਇਕੱਲੀ ਇਕੱਲੀ ਭਾਸ਼ਾ ਵਿੱਚ ਇਸ ਦੇ ਪੇਪਰ ਬਣਾਉਣ ਲਈ ਪਹਿਲਾਂ ਜਿੰਨੇ ਅਧਿਆਪਕਾਂ ਦੀ ਵੀ ਜਰੂਰਤ ਨਹੀਂ ਰਹੀ। ਪਰ ਇਸ ਨਾਲ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਧਰਮ ਤੇ ਸਭਿਆਚਾਰ ਬਾਰੇ ਪਹਿਲਾਂ ਜਿੰਨਾਂ (ਪੇਪਰ ਵਿੱਚ ਆਉਣਾ/ਆ ਸਕਦਾ ਕਹਿ ਕੇ) ਪੜ੍ਹਾ ਸਿਖਾ ਨਹੀਂ ਸਕਦੇ। ਇਸ ਦੇ ਨਾਲ ਹੀ ਇੱਕ ਹੋਰ ਸਰਕਾਰੀ ਫ਼ੈਸਲਾ ਆਇਆ ਕਿ ਪੇਪਰ ਹੱਥ ਲਿਖਤ ਨਾਲ ਨਹੀਂ ਦਿੱਤੇ ਜਾਣਗੇ। ਬਾਕੀ ਭਾਸ਼ਾਵਾਂ ਦੀ ਤਰ੍ਹਾਂ ਇਹ ਵੀ ਕੰਪਿਊਟਰ ਤੇ ਹੀ ਹੋਣਗੇ ਜਿਸ ਲਈ ਸਾਨੂੰ ਪੰਜਾਬੀ ਦੇ ਮਿਆਰੀ ਕੀ-ਬੋਰਡ ਦੀ ਜਰੂਰਤ ਪਈ । ਧੰਨਵਾਦ ਵੀਰ ਜੀ ਬਲਦੇਵ ਸਿੰਘ ਕੰਦੋਲਾ ਦਾ ਜਿਹਨਾਂ ਨਾਲ ਇਤਫ਼ਾਕਨ ਸਾਡੀ ਜਾਣ-ਪਛਾਣ ਹੋ ਗਈ 'ਤੇ ਸਾਡੀ ਇਹ ਕੀ-ਬੋਰਡ ਵਾਲੀ ਮੁਸ਼ਕਲ ਵੀ ਹੱਲ ਹੋ ਗਈ। ਪਿਛਲੇ ਕੁੱਝ ਸਾਲਾਂ ਤੋਂ ਸਾਡੇ ਬੱਚੇ ਇਸ ਕੀ-ਬੋਰਡ ਰਾਹੀਂ ਹੀ ਪੇਪਰ ਦੇ ਰਹੇ ਹਨ। ਨਤੀਜੇ ਬਹੁਤ ਤਸੱਲੀ-ਬਖ਼ਸ਼ ਆ ਰਹੇ ਹਨ ।

ਸਾਡੇ ਬੱਚੇ ਪੰਜਾਬੀ ਕੀ-ਬੋਰਡ ਖੁਸ਼ ਹੋ ਕੇ ਵਰਤਦੇ ਹਨ। ਸਾਨੂੰ ਵੀ ਇਸ ਮਾਮਲੇ ਵਿੱਚ ਬੱਚਿਆਂ ਤੋਂ ਬਹੁਤ ਕੁੱਝ ਸਿੱਖਣ ਨੂੰ ਮਿਲਿਆ ਹੈ। ਅਸੀਂ ਬਹੁਤ ਸੰਤੁਸ਼ਟ ਹਾਂ ਤੇ ਸਾਨੂੰ ਇਹਨਾਂ ਬੱਚਿਆਂ ਤੇ ਬਹੁਤ ਮਾਣ ਹੈ।

**ਸਭਿਆਚਾਰਕ ਪ੍ਰੋਗਰਾਮ**

ਪੰਜਾਬੀ ਸਕੂਲ ਵਲੋਂ ਸਾਲ ਵਿੱਚ ਤਿੰਨ ਪ੍ਰੋਗਰਾਮ ਕਰਵਾਏ ਜਾਂਦੇ ਹਨ।

- ਦਸੰਬਰ ਵਿੱਚ ਸਕੂਲ ਸਾਲ ਦੀ ਪਹਿਲੀ ਛਿਮਾਹੀ ਦਾ ਪ੍ਰੋਗਰਾਮ ਜਿਸ ਵਿੱਚ ਬੱਚੇ ਜੋ ਸਿੱਖਿਆ ਉਹ ਮਾਪਿਆਂ ਨੂੰ ਵਿਖਾਉਂਦੇ ਹਨ। ਇਸ ਵਿੱਚ ਖਾਸ ਕਰ ਸ਼ਹੀਦੀ ਹਫ਼ਤੇ ਨੂੰ ਸਮਰਪਿਤ ਪ੍ਰੋਗਰਾਮ ਹੁੰਦਾ ਹੈ। ਖਾਣ-ਪੀਣ ਦਾ ਪ੍ਰਬੰਧ ਹੁੰਦਾ ਹੈ ।
- ਵਿਸਾਖੀ ਦੇ ਪ੍ਰੋਗਰਾਮ ਵਿੱਚ ਕਵਿਤਾ, ਨਾਟਕ, ਡਰਾਮੇ, ਭੰਗੜਾ ਤੇ ਗਿੱਧਾ ਸ਼ਾਮਲ ਹੁੰਦਾ ਹੈ। ਇਸ ਵਿੱਚ "ਪੰਜਾਬੀ ਸ਼੍ਰੋਮਣੀ ਪੁਰਸਕਾਰ" ਵੀ ਦਿੱਤਾ ਜਾਂਦਾ ਹੈ,
- ਸਕੂਲ-ਸਾਲ ਦੇ ਆਖਰੀ ਸ਼ੁੱਕਰਵਾਰ ਤੋਂ ਅਗਲੇ ਦਿਨ ਖੇਡਾਂ ਦਾ ਪ੍ਰੋਗਰਾਮ ਕਰਵਾਇਆ ਜਾਂਦਾ ਹੈ। ਇਸ ਵਿੱਚ ਫੁੱਟਬਾਲ, 60, 100 ਤੇ 200 ਮੀਟਰ ਦੌੜਾਂ, ਰੁਮਾਲ ਚੁੱਕਣਾ, ਬੋਰੀ ਦੌੜ, ਕੁਰਸੀ ਦੌੜ, ਆਲੂ ਚਮਚਾ ਦੌੜ ਤੇ ਰੱਸਾ ਖਿਚਾਈ ਸ਼ਾਮਲ ਹੁੰਦੀ ਹੈ। ਸਾਰੇ ਦਿਨ ਦੇ ਇਸ ਪ੍ਰੋਗਰਾਮ ਵਿੱਚ ਮਾਪਿਆਂ ਵੱਲੋਂ ਲੰਗਰ-ਪਾਣੀ ਦੀ ਸੇਵਾ ਚਲਦੀ ਹੈ। ਅਖੀਰ ਵਿੱਚ ਬੱਚਿਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਸਭ ਮਾਪੇ ਰਲ ਕੇ ਖੇਡ-ਮੈਦਾਨ ਦੀ ਸਫਾਈ ਕਰਕੇ ਖੁਸ਼ੀ-ਖੁਸ਼ੀ ਘਰਾਂ ਨੂੰ ਚਾਲੇ ਪਾਉਂਦੇ ਹਨ।
- ਬੱਚਿਆਂ ਨੂੰ ਸਕੂਲ ਵਿੱਚ ਪੜ੍ਹਦਿਆਂ ਨੂੰ ਪੜ੍ਹਾਉਣ ਦੀ ਸਿੱਖਿਆ ਦੇਣੀ। ਵਿਸ਼ਾ ਦੇ ਕੇ ਤਿਆਰੀ ਕਰਵਾਉਣੀ। ਪੜ੍ਹਾਉਣ ਲਈ ਗਰੁੱਪ ਬਣਾ ਕੇ ਦੇਣੇ ਆਦਿ।

ਇਸ ਸਕੂਲ ਦੀ ਇਹ ਵੀ ਇੱਕ ਵਿਲੱਖ਼ਣਤਾ ਹੈ ਕਿ ਇੱਥੇ ਸਿਰਫ ਪੰਜਾਬੀ ਬੋਲਣੀ, ਪੜ੍ਹਨੀ, ਲਿਖਣੀ ਤੇ ਸਮਝਣੀ ਹੀ ਨਹੀਂ ਸਿਖਾਈ ਜਾਂਦੀ ਸਗੋਂ ਜਿੰਦਗੀ ਦੇ ਹਰ ਪਹਿਲੂ ਤੇ ਝਾਤ ਮਾਰਦਿਆਂ ਜੀਵਨ-ਜਾਚ ਸਿਖਾਈ ਜਾਂਦੀ ਹੈ। ਬੱਚਿਆਂ ਦੇ ਨਿਰੰਤਰ, ਸਰੀਰਕ ਤੇ  ਮਾਨਸਕ, ਵਿਕਾਸ ਲਈ ਖੇਡਾਂ, ਬਹਿਸ, ਨਾਟਕ ਤੇ ਸਟੇਜ ਪ੍ਰੋਗਰਾਮ ਕਰਵਾਏ ਜਾਂਦੇ ਹਨ ।

**ਮਾਪੇ-ਅਧਿਆਪਕ ਸੰਗਠਨ**

ਸਭ ਅਧਿਆਪਕ ਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਬਿਨਾਂ ਕਿਸੇ ਤਨਖਾਹ ਦੇ ਨਿਸ਼ਕਾਮ ਸੇਵਾ ਕਰਦੇ ਹਨ। ਸਕੂਲ ਵਿੱਚ ਇਹ ਸਭ ਕੁੱਝ ਹਰ ਸ਼ੁੱਕਰਵਾਰ ਨੂੰ ਦੋ-ਤਿੰਨ ਘੰਟਿਆਂ ਦੀ ਪੜ੍ਹਾਈ ਵਿੱਚ ਹੀ ਪੂਰਾ ਕੀਤਾ ਜਾਂਦਾ ਹੈ। ਸਕੂਲ ਦੇ ਪ੍ਰਬੰਧ, ਕਾਪੀਆਂ-ਕਿਤਾਬਾਂ ਤੇ ਪੜ੍ਹਾਈ ਲਈ ਹੋਰ ਲੁੜੀਂਦੀ ਸਮੱਗਰੀ, ਖੇਡਾਂ ਲਈ ਇਨਾਮ ਤੇ ਗਰਾਊਂਡ ਦਾ ਕਿਰਾਇਆ, ਵਿਸਾਖੀ ਲਈ ਹਾਲ ਦਾ ਕਿਰਾਇਆ ਤੇ "ਸ਼੍ਰੋਮਣੀ ਪੰਜਾਬੀ ਪੁਰਸਕਾਰ" ਦਾ ਖਰਚਾ ਹਰ ਬੱਚੇ ਤੋਂ ਸਾਲ ਦੇ 1500 ਕਰੋਨਰ ਇਕੱਠੇ ਕਰਕੇ ਹੀ ਪੂਰਾ ਕੀਤਾ ਜਾਂਦਾ ਹੈ ।

ਇੱਥੇ ਹੀ ਬੱਸ ਨਹੀਂ। ਪਿਛਲੇ ਅਠਾਈ ਸਾਲਾਂ ਵਿੱਚ ਇਸ ਪੈਸੇ ਨੂੰ ਇੰਨੇ ਸੰਜਮ ਨਾਲ ਵਰਤਿਆ ਗਿਆ ਕਿ ਅਸੀਂ ਅੱਜ 55 ਵਰਗ ਮੀਟਰ ਜਗ੍ਹਾ ਆਪਣੀ ਖਰੀਦ ਚੁੱਕੇ ਹਾਂ ਜਿੱਥੇ ਸਾਡੀ ਸਕੂਲ ਦਾ ਸਮਾਨ ਰੱਖਣ 'ਤੇ ਮੀਟਿੰਗਾਂ ਕਰਨ ਦੀ ਲੋੜ ਪੂਰੀ ਹੋ ਰਹੀ ਹੈ। ਇਹ ਪੈਸੇ ਅਸਲ ਵਿੱਚ ਉਹਨਾਂ ਅਧਿਆਪਕਾਂ ਦੀ ਨਿਸ਼ਕਾਮ ਸੇਵਾ ਦੇ ਹਨ ਜਿਹਨਾਂ ਨੇ ਸਾਲ-ਦਰ-ਸਾਲ ਬੱਚਿਆਂ ਨੂੰ ਬਿਨਾਂ ਪੈਸੇ ਲਿਆਂ ਬਹੁਤ ਲਗਨ ਤੇ ਮਿਹਨਤ ਨਾਲ ਪੜ੍ਹਾਇਆ । ਅਸੀਂ ਉਹਨਾਂ ਸਭ, ਵੀਰ, ਭੈਣਾਂ, ਮਾਪੇ ਤੇ ਸ਼ੁੱਭਚਿੰਤਕਾਂ ਦੇ ਰਿਣੀ ਹਾਂ ਜਿਹਨਾਂ ਨੇ ਇਸ ਬੂਟੇ ਨੂੰ ਸਮੇਂ ਸਮੇਂ ਆਪਣੇ ਲਹੂ-ਪਸੀਨੇ ਨਾਲ ਸਿੰਜਿਆ ਤੇ ਲੋੜ ਪੈਣ ਤੇ ਮੀਂਹ, ਹਨ੍ਹੇਰੀ, ਝੱਖੜ ਤੇ ਧੁੱਪ ਤੋਂ ਬਚਾ ਕੇ ਸੁਰੱਖਿਅਤ ਰੱਖਿਆ ਹੈ ।

ਮਹੀਨਾਵਾਰ ਕਮੇਟੀ ਤੇ ਅਧਿਆਪਕਾਂ ਦੀਆਂ ਮੀਟਿੰਗਾਂ ਹੁੰਦੀਆਂ ਹਨ ਜਿੱਥੇ ਐਤਵਾਰ ਬਾਅਦ ਦੁਪਹਿਰ ਚਾਰ ਘੰਟੇ ਸਕੂਲ ਦੇ ਪ੍ਰਬੰਧ ਅਤੇ ਪੜ੍ਹਾਈ ਬਾਰੇ ਗੱਲ-ਬਾਤ ਹੁੰਦੀ ਹੈ। ਬੱਚਿਆਂ ਦੇ ਸੁਨਹਿਰੀ ਭਵਿੱਖ ਨੂੰ ਮੱਦੇ ਨਜ਼ਰ ਰੱਖਦੇ ਹੋਏ ਆਪਣੇ ਕੀਮਤੀ ਸਮੇਂ ਵਿੱਚੋਂ ਕੁੱਝ ਵਕਤ ਕੱਢ ਕੇ ਸਕੂਲ ਦੇ ਪ੍ਰਬੰਧ ਲਈ ਆਪਣੇ ਵਧੀਆ ਸੁਝਾਅ ਤੇ ਚੰਗੇ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਸਾਲ ਵਿੱਚ ਮਾਪਿਆਂ ਦੀਆਂ ਚਾਰ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ। ਸਭ ਮਾਪਿਆਂ ਲਈ ਚਾਹ/ਕਾਫੀ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਹ ਸਭ ਕੁੱਝ ਨਿਸ਼ਕਾਮ ਸੇਵਾ ਤੇ ਚਲਦਾ ਹੈ।

- **ਕਮੇਟੀ ਦੀ ਚੋਣ:** ਹਰ ਦੂਜੇ ਸਾਲ ਕਮੇਟੀ ਦੀ ਚੋਣ ਕੀਤੀ ਜਾਂਦੀ ਹੈ,
- **ਜਮਾਤਾਂ ਦੇ ਨੁਮਾਇੰਦਿਆਂ ਦੀ ਚੋਣ:** ਹਰ ਦੂਜੇ ਸਾਲ ਜਮਾਤਾਂ ਦੇ ਨੁਮਾਇੰਦਿਆਂ ਦੀ ਚੋਣ ਕੀਤੀ ਜਾਂਦੀ ਹੈ ।

**ਸ਼੍ਰੋਮਣੀ ਪੰਜਾਬੀ ਪੁਰਸਕਾਰ**

ਇਹ ਪੁਰਸਕਾਰ ਸਕੂਲ ਦੇ ਬਾਨੀ ਸਰਦਾਰ ਅਵਤਾਰ ਸਿੰਘ ਜੀ (20-02-49 - 25-08-2009) ਦੀ ਨਿੱਘੀ ਤੇ ਮਿੱਠੀ ਯਾਦ ਵਿੱਚ 2010 ਵਿੱਚ ਸ਼ੁਰੂ ਕੀਤਾ ਗਿਆ ਸੀ। ਇਹ ਉਸ ਵਿਅਕਤੀ ਜਾਂ ਸੰਸਥਾ ਨੂੰ ਦਿੱਤਾ ਜਾਂਦਾ ਹੈ ਜਿਸ ਨੇ ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ, ਸਿੱਖ-ਧਰਮ ਜਾਂ ਮਨੁੱਖਤਾ

ਦੀ ਭਲਾਈ ਲਈ ਕੁਝ ਕੀਤਾ ਹੋਵੇ ਜਾਂ ਕਰ ਰਿਹਾ ਹੋਵੇ। ਹੁਣ ਤੱਕ ਜਿਹਨਾਂ ਵਿਅਕਤੀਆਂ ਨੂੰ ਇਹ ਅਵਾਰਡ ਮਿਲ ਚੁੱਕੇ ਹਨ ਉਹਨਾਂ ਕੁੱਝ ਕੁ ਦੇ ਨਾਂ ਇਸ ਤਰ੍ਹਾਂ ਹਨ,

1. ਬਾਬਾ ਫ਼ੌਜਾ ਸਿੰਘ,
2. ਰਵੀ ਸਿੰਘ- ਖ਼ਾਲਸਾ ਏਡ,
3. ਕਮਲਜੀਤ ਸਿੰਘ ਨੀਲੋਂ ,
4. ਮੁਖਤਿਆਰ ਸਿੰਘ ਝੀਤਾ,
5. ਸਰਦਾਰ ਸਾਹਨੀ (ਨਾਰਵੇ ਵਿੱਚ ਟੈਕਸੀ ਦੀ ਵਰਦੀ ਨਾਲ ਦਸਤਾਰ ਲਈ ਜੱਦੋਜਹਿਦ 'ਚ ਸਫਲਤਾ ਲਈ)
6. ਬਲਵਿੰਦਰ ਕੌਰ
7. ਡਾਃ ਹਰਸ਼ਿੰਦਰ ਕੌਰ
8. ਅਜਮੇਰ ਸਿੰਘ
9. ਬਲਦੇਵ ਸਿੰਘ ਕੰਦੋਲਾ (ਪੰਜਾਬੀ ਕੀ-ਬੋਰਡ )
10. ਜਸਵੀਰ ਸਿੰਘ ਪਾਬਲਾ
11. ਬੀਬੀ ਪ੍ਰਕਾਸ਼ ਕੌਰ ( ਯੂਨੀਕ ਹੋਮ ਫਾਰ ਔਰਫਨੇਜ਼ ਗਰਲਜ਼)

ਕਰੋਨਾ ਮਹਾਂਮਾਰੀ ਦੌਰਾਨ ਦੋ ਸਾਲ ਵਿਸਾਖੀ ਦਾ ਪ੍ਰੋਗਰਾਮ ਨਹੀਂ ਕੀਤਾ ਜਾ ਸਕਿਆ ਤੇ ਪੁਰਸਕਾਰ ਵੀ ਨਹੀਂ ਦਿੱਤਾ ਜਾ ਸਕਿਆ।

ਸਕੂਲ ਬਾਰੇ ਕਿਸੇ ਕਿਸਮ ਦੀ ਪੁੱਛ-ਗਿੱਛ ਲਈ ਇਨ੍ਹਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ:

- **ਬਲਵਿੰਦਰ ਕੌਰ** 97676451
- **ਮੁਖਤਿਆਰ ਸਿੰਘ** 95885731 ਫੋਨ ਕਰ ਸਕਦੇ ਹੋ ।